**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)**
ਐਸ.ਸੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ੍ਹ ਫੋਨ ਨੰ: 0172-5015864,5015865
ਈ-ਮੇਲ: iedpunjabssa@gmail.com

ਵੱਲ

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),**
**ਪੰਜਾਬ।**

ਮੀਮੋ ਨੰ: ਆਈ.ਈ.ਡੀ./ਸਸਅ/2012/89140-161 ਮਿਤੀ: 23/11/2012

**ਵਿਸ਼ਾ: ਵਿਸ਼ਵ ਵਿਕਲਾਂਗਤਾ ਦਿਵਸ ਦੇ ਮੌਕੇ ਤੇ 7-9 ਦਸੰਬਰ ਨੂੰ ਨੇਤਰਹੀਣ ਬੱਚਿਆਂ ਦੇ ਰਾਸ਼ਟਰੀ ਖੇਡ ਮੁਕਾਬਲੇ ਕਰਾਉਣ ਸਬੰਧੀ ਹਦਾਇਤਾਂ।**

1. ਉਪਰੋਕਤ ਵਿਸ਼ੇ ਸਬੰਧੀ ਇਸ ਦਫ਼ਤਰ ਦੇ ਪੱਤਰ ਮੀਮੋ ਨੰ:SSA/IED/2012/88799-820 ਮਿਤੀ 20.11.12 ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ 7-9 ਦਸੰਬਰ 2012 ਨੂੰ GNDU ਅੰਮ੍ਰਿਤਸਰ ਵਿਖੇ ਹੋਣ ਵਾਲੇ ਨੇਤਰਹੀਣ ਬੱਚਿਆਂ ਦੇ ਰਾਸ਼ਟਰੀ ਖੇਡ ਮੁਕਾਬਲੇ ਵਿੱਚ ਆਪਣੇ ਜ਼ਿਲ੍ਹੇ ਦੇ ਸਾਰੇ ਨੇਤਰਹੀਣ ਬੱਚਿਆਂ ਨੂੰ ਤਿਆਰੀ ਕਰਵਾ ਕੇ ਭੇਜਿਆ ਜਾਵੇ।

2. ਇਹਨਾਂ ਬੱਚਿਆਂ ਦੀ ਸੂਚੀ ਭੇਜਣ ਅਤੇ ਖੇਡ ਮੁਕਾਬਲਿਆਂ ਸਬੰਧੀ ਹੋਰ ਜਾਣਕਾਰੀ ਲੈਣ ਲਈ ਅੰਮ੍ਰਿਤਸਰ ਦੇ ਆਈ.ਈ.ਡੀ. ਕੋਆਰਡੀਨੇਟਰ ਸ੍ਰੀ ਧਰਮਿੰਦਰ ਸਿੰਘ ਨਾਲ 98888-87666 ਤੇ ਗੱਲ ਕੀਤੀ ਜਾਵੇ।

3. ਨੇਤਰਹੀਣ ਬੱਚਿਆਂ ਨੂੰ ਖੇਡ ਮੁਕਾਬਲੇ ਤੇ ਜਾਣ ਲਈ ਇੱਕ ਟ੍ਰੈਕ ਸੂਟ (navy blue ਅਤੇ ਪੀਲੇ ਰੰਗ ਦਾ), ਟੀ-ਸ਼ਰਟ (ਸਫੇਦ ਰੰਗ ਦੀ) ਅਤੇ Sports Shoes (ਸਫੇਦ ਰੰਗ ਦੇ) ਖਰੀਦ ਕੇ ਦਿੱਤੇ ਜਾਣ, ਜਿਸ ਤੇ ਕੁੱਲ ਵੱਧ ਤੋਂ ਵੱਧ 600/- ਰੁਪਏ ਖਰਚ ਕੀਤੇ ਜਾ ਸਕਦੇ ਹਨ। ਇਹਨਾਂ ਬੱਚਿਆਂ ਨੂੰ ਰੋਜ਼ਾਨਾ ਜ਼ਿਲ੍ਹਾ ਪੱਧਰ ਤੇ ਤਿਆਰੀ ਕਰਵਾਈ ਜਾਵੇ। ਇਸ ਗਤੀਵਿਧੀ ਤੇ ਆਉਣ ਵਾਲਾ ਸਾਰਾ ਖਰਚਾ ਆਈ.ਈ.ਡੀ. ਮੱਦ ਵਿੱਚੋਂ ਸਰਵ ਸਿੱਖਿਆ ਅਭਿਆਨ ਦੇ ਨਿਯਮਾਂ ਦੀ ਪਾਲਨਾ ਕਰਦੇ ਹੋਏ ਕੀਤਾ ਜਾਵੇ।

4. ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਭਾਗ ਲੈਣ ਵਾਲੇ ਬੱਚਿਆਂ ਅਤੇ ਟੀਮਾਂ ਦੀ ਸੂਚੀ ਮਿਤੀ 26.11.12 ਤੱਕ ਯਕੀਨਣ ਭੇਜੀ ਜਾਵੇ।

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**